# Visit of the Hon'ble Vice President of India Shri Jagdeep Dhankhar to Qatar, November 20-21, 2022

November 18, 2022

…………….

**ਭਾਰਤ ਦੇ ਮਾਨਯੋਗ ਉਪ ਰਾਸ਼ਟਰਪਤੀ ਸ਼੍ਰੀ ਜਗਦੀਪ ਧਨਖੜ ਵੱਲੋਂ ਕਤਰ ਦੀ ਫੇਰੀ (20-21 ਨਵੰਬਰ, 2022)**
**18 ਨਵੰਬਰ, 2022**

1. ਕਤਰ ਦੇ ਅਮੀਰ ਸ਼ੇਖ ਤਮੀਮ ਬਿਨ ਹਮਦ ਅਲ ਥਾਨੀ ਦੇ ਸੱਦੇ 'ਤੇ ਭਾਰਤ ਦੇ ਮਾਨਯੋਗ ਉਪ ਰਾਸ਼ਟਰਪਤੀ 20-21 ਨਵੰਬਰ ਨੂੰ ਕਤਰ ਦਾ ਅਧਿਕਾਰਤ ਦੌਰਾ ਕਰਨਗੇ ਅਤੇ ਫੀਫਾ ਆਲਮੀ ਕੱਪ 2022 ਦੇ ਉਦਘਾਟਨ ਦੇ ਮੌਕੇ ਭਾਰਤ ਦੀ ਨੁਮਾਇੰਦਗੀ ਕਰਨਗੇ|

2. ਭਾਰਤ ਅਤੇ ਕਤਰ ਦੀ ਵਪਾਰ, ਊਰਜਾ, ਸੁਰੱਖਿਆ, ਰੱਖਿਆ, ਸਿਹਤ, ਸੱਭਿਆਚਾਰ, ਸਿੱਖਿਆ ਆਦਿ ਖੇਤਰਾਂ ਵਿੱਚ ਬਹੁਪੱਖੀ ਸਾਂਝੇਦਾਰੀ ਹੈ ਅਤੇ ਦੋਵਾਂ ਦੇ ਨਜ਼ਦੀਕੀ ਅਤੇ ਦੋਸਤਾਨਾ ਸਬੰਧ ਹਨ| ਪਿਛਲੇ ਵਿੱਤੀ ਸਾਲ ਵਿੱਚ ਦੁਵੱਲਾ ਵਪਾਰ 15 ਅਰਬ ਅਮਰੀਕੀ ਡਾਲਰ ਪਾਰ ਕਰ ਗਿਆ| ਕਤਰ ਭਾਰਤ ਦੀ ਊਰਜਾ ਸੁਰੱਖਿਆ ਵਿੱਚ ਮਹੱਤਵਪੂਰਨ ਭਾਈਵਾਲ ਹੈ ਅਤੇ ਭਾਰਤ ਕਤਰ ਦੀ ਭੋਜਨ ਸੁਰੱਖਿਆ ਵਿੱਚ ਭਾਈਵਾਲ ਹੈ| ਅਗਲੇ ਸਾਲ ਦੋਵੇਂ ਦੇਸ਼ ਪੂਰੇ ਕੂਟਨੀਤਕ ਸਬੰਧਾਂ ਦੀ ਸਥਾਪਨਾ ਦੇ 50 ਸਾਲ ਪੂਰੇ ਹੋਣ ਦਾ ਜਸ਼ਨ ਮਨਾਉਣਗੇ|

3. ਕਤਰ ਵਿੱਚ 840,000 ਤੋਂ ਵੱਧ ਭਾਰਤੀ ਲੋਕ ਪੱਧਰੀ ਦੁਵੱਲੇ ਸਬੰਧਾਂ ਦਾ ਮਹੱਤਵਪੂਰਨ ਅੰਗ ਹਨ| ਆਪਣੀ ਫੇਰੀ ਦੌਰਾਨ 20 ਨਵੰਬਰ ਨੂੰ ਹੋਣ ਵਾਲੇ ਉਦਘਾਟਨੀ ਸਮਾਰੋਹ ਵਿੱਚ ਸ਼ਾਮਲ ਹੋਣ ਤੋਂ ਇਲਾਵਾ ਮਾਣਯੋਗ ਉਪ ਰਾਸ਼ਟਰਪਤੀ ਭਾਰਤੀ ਭਾਈਚਾਰੇ ਦੇ ਮੈਂਬਰਾਂ ਨਾਲ ਵੀ ਗੱਲਬਾਤ ਕਰਨਗੇ|

4. ਕ਼ਤਰ ਵੱਲੋਂ ਇਸ ਵੱਡੇ ਖੇਡ ਸਮਾਗਮ ਦੀ ਮੇਜ਼ਬਾਨੀ ਕਰਨ ਅਤੇ ਇਸ ਆਲਮੀ ਕੱਪ ਵਿੱਚ ਭਾਰਤੀਆਂ ਦੁਆਰਾ ਨਿਭਾਈ ਗਈ ਭੂਮਿਕਾ ਅਤੇ ਹਮਾਇਤ ਨੂੰ ਸਵੀਕਾਰ ਕਰਨ ਦੇ ਪਿਛੋਕੜ ਵਿਚ ਮਾਣਯੋਗ ਉਪ ਰਾਸ਼ਟਰਪਤੀ ਦਾ ਦੌਰਾ ਨਜ਼ਦੀਕੀ ਅਤੇ ਦੋਸਤਾਨਾ ਦੇਸ਼ ਕਤਰ ਵਿੱਚ ਸ਼ਾਮਲ ਹੋਣ ਦਾ ਮੌਕਾ ਦੇਵੇਗਾ|

ਨਵੀਂ ਦਿੱਲੀ
18 ਨਵੰਬਰ, 2022

DISCLAIMER: This is an approximate translation. The original is available in English on MEA's website and may be referred to as the official press release.